ਡਾਇਰੀ ਨੰ: 490 ਡੀ.ਪੀ.
ਮਿਤੀ 24/02/2023

2022 345 V2
27/2/2023

# ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062
ਸ਼ਾਖਾ ਕੰਡਕਟ

ਨੰ:ਪਸਸਬ (ਕੰ.ਪ੍ਰੀ)-2023/
ਮਿਤੀ:

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਕੰ.ਸਿੱਖਿਆ, ਐਲੀ. ਸਿੱਖਿਆ)
ਪੰਜਾਬ।

ਸ-7

ਵਿਸ਼ਾ **ਪੰਜਵੀਂ, ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਪਰੀਖਿਆ ਫਰਵਰੀ/ ਮਾਰਚ 2023 ਦੀਆਂ ਸਲਾਨਾ ਪਰੀਖਿਆਵਾਂ (ਸਮੇਤ ਓਪਨ ਸਕੂਲ) ਦੇ ਸੰਚਾਲਨ ਸਬੰਧੀ।**

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਫਰਵਰੀ/ਮਾਰਚ -2023 ਦੀਆਂ ਸਲਾਨਾ ਪਰੀਖਿਆਵਾਂ ਮਿਤੀ 20-02-2023 ਤੋਂ ਅਰੰਭੀਆਂ ਜਾ ਚੁੱਕੀਆਂ ਹਨ। ਪੰਜਾਬ ਸਰਕਾਰ ਅਤੇ ਸਿੱਖਿਆ ਬੋਰਡ ਸੰਚਾਰੂ ਤਰੀਕੇ ਅਤੇ ਨਿਯਮਾਂ ਤਹਿਤ ਪਰੀਖਿਆਵਾਂ ਨਕਲ ਰਹਿਤ ਕਰਵਾਉਣ ਲਈ ਵਚਨ-ਬੱਧ ਹੈ।

ਉੱਚ ਅਥਾਰਟੀ ਵਲੋ ਹੋਈਆਂ ਸਖ਼ਤ ਹਦਾਇਤਾਂ ਅਨੁਸਾਰ ਲਿਖਿਆ ਜਾਂਦਾ ਹੈ ਕਿ ਬੋਰਡ ਪਰੀਖਿਆਵਾਂ ਸਰਕਾਰ ਅਤੇ ਬੋਰਡ ਦੀ ਪ੍ਰਤੀਸ਼ਿਠਤਾ ਹਨ। ਇਸ ਕਰਕੇ ਜਿਸ ਜ਼ਿਲੇ ਅਤੇ ਬਲਾਕ ਵਿਚ ਇਹ ਪਰੀਖਿਆ ਦੇ ਕਿਸੇ ਵੀ ਵਿਸ਼ੇ ਦੇ ਸੀਲ ਬੰਦ ਪੈਕੇਟ ਨੂੰ ਨਿਸ਼ਚਤ ਸਮੇਂ ਤੋ ਪਹਿਲਾ ਨੁਕਸਾਨ ਹੁੰਦਾ ਹੈ, ਜਾ ਪੇਪਰ ਲੀਕ ਹੁੰਦਾ ਹੈ, ਤਾਂ ਸੈਂਟਰ ਕੰਟਰੋਲਰ, ਕਲੱਸਟਰ ਹੈਡ,ਬੀ ਪੀ ਓ, ਜਿਲਾ ਸਿੱਖਿਆ ਅਫਸਰ (ਐਲੀਮੈਂਟਰੀ, ਸੈਕੰਡਰੀ) , ਬੈਂਕਾਂ ਦਾ ਅਮਲਾ ਅਤੇ ਇਸ ਲੜੀ ਵਿਚ ਬੋਰਡ ਪੱਧਰ ਤੇ ਉਸ ਜ਼ਿਲੇ ਨੂੰ ਡੀਲ ਕਰ ਰਹੇ ਅਮਲੇ ਤੋ ਲੈ ਕੇ ਉੱਪਰ ਦੇ ਅਧਿਕਾਰੀਆ ਵਿਰੁੱਧ ਸਖ਼ਤ ਕਾਰਵਾਈ ਦੇ ਭਾਗੀਦਾਰ ਹਨ। ਇਸ ਕਰਕੇ ਕਲੱਸਟਰ ਹੈਡ, ਬੈਂਕ ਅਧਿਕਾਰੀ, ਕੇਂਦਰ ਕੰਟਰਲਰ ਨੂੰ ਸਖ਼ਤ ਹਦਾਇਤ ਕਰਦੇ ਹੋਏ ਨੋਟ ਕੀਤਾ/ਕਰਵਾਇਆ ਜਾਵੇ ਕੇ ਬੋਰਡ ਪ੍ਰਸ਼ਨ ਪੱਤਰ ਦੇ ਪੈਕੇਟ ਸੁਰੱਖਿਅਤ ਪਰੀਖਿਆ ਕੇਂਦਰ ਵਿਚ ਪਹੁੰਚਾਉਣ ਅਤੇ ਪਰੀਖਿਆ ਕੇਂਦਰ ਸ਼ਾਂਤਮਈ ਢੰਗ ਨਾਲ ਚਲਦੇ ਰਹਿਣ ਲਈ ਸਾਰੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਆਪਣੇ ਆਪਣੇ ਜ਼ਿਲੇ ਦੇ ਪਰੀਖਿਆ ਨਾਲ ਸਬੰਧਿਤ ਅਮਲੇ ਦੇ ਧਿਆਨ ਵਿੱਚ ਲਿਆਉਣ। ਬੋਰਡ ਦਫ਼ਤਰ ਵਲੋ ਪਹਿਲਾ ਵੀ ਜਾਰੀ ਸਾਰੀਆਂ ਹਦਾਇਤਾਂ ਦੇ ਪੱਤਰ ਅਤੇ ਐਜੂਸੈੱਟ ਰਾਹੀਂ ਸਕੂਲ ਮੁਖੀਆਂ ਅਤੇ ਡੀ.ਈ.ਓ ਜ਼ ਲਈ ਸਭ ਕੁੱਝ ਸਪੱਸ਼ਟ ਸੀ, ਪਰ ਫਿਰ ਵੀ ਮਿਤੀ 24-02-2023 ਨੂੰ ਬਾਰਵੀਂ ਸ਼੍ਰੇਣੀ ਜਨਰਲ ਅੰਗਰੇਜੀ ਵਿਸ਼ੇ ਦਾ ਪੇਪਰ ਕਿਸੇ ਨੇ ਸ਼ਰਾਰਤ ਕਰਕੇ ਬੋਰਡ ਦੇ ਅਕਸ ਨੂੰ ਢਾਅ ਲਾਈ ਹੈ। ਇਸ ਨੂੰ ਅਤਿ ਗੰਭੀਰਤਾ ਨਾਲ ਲਿਆ ਜਾਵੇ।

ਉਕਤ ਨੂੰ ਹੋਰ ਗੰਭੀਰਤਾ ਨਾਲ ਲਿਆ ਜਾਵੇ ਅਤੇ ਆਪ ਵਲੋ ਕੀਤੀ ਗਈ ਕਾਰਵਾਈ ਸਬੰਧੀ ਬੋਰਡ ਦਫ਼ਤਰ ਨੂੰ srsecconduct.pseb@punjab.gov.in ਤੇ ਅੱਜ ਹੀ ਸੂਚਿਤ ਵੀ ਕੀਤਾ ਜਾਵੇ।

ਉਕਤ ਕਾਰਜ ਨੂੰ ਭਵਿੱਖ ਦੀ ਚੰਗੀ ਆਸ ਅਤੇ ਸੁਖਾਵੀਂ ਸਥਿਤੀ ਲਈ ਸੇਧ ਸਮਝਿਆ ਜਾਵੇ। ਹੁੰਦੇ ਨੁਕਸਾਨ ਲਈ ਆਪਣਾ ਸਭ ਦਾ ਨੁਕਸਾਨ ਹੈ। ਧੰਨਵਾਦ ਅਤੇ ਚੰਗੇਰੇ ਸਮੇਂ ਦੀ ਆਸ/ਉਮੀਦ ਵਿੱਚ ਸ਼ੁੱਭ ਇਛਾਵਾਂ ਸਹਿਤ।

25-02-2023

ਜੇ.ਆਰ ਮਹਿਰੋਕ
ਕੰਟਰੋਲਰ (ਪਰੀਖਿਆਵਾਂ)

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ. ਸਿ.) ਫਾਜ਼ਿਲਕਾ
ਪਿੱਠ ਅੰਕਣ ਨੰ: ਸ-7/ਪ੍ਰੀਖਿਆ( )2023/459 ਮਿਤੀ: 27/2/23
ਉਪਰੋਕਤ ਦਾ ਉਤਾਰਾ ਜ਼ਿਲ੍ਹਾ ਫਾਜ਼ਿਲਕਾ ਦੇ ਸਕੂਲ ਮੁਖੀਆਂ ਕਮ ਪ੍ਰੀਖਿਆ ਕੰਟਰੋਲਰਜ਼ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

Dy. Distt. Edu. Officer
ਉ.ਜਿ.ਸਿ.ਅ (ਸੈ.ਸਿ.)
ਫਾਜ਼ਿਲਕਾ